(This question paper contains 2 printed pages)

Sl. No of Question Paper: 5455 Roll No.

Unique Paper Code: 212552

Name of the Paper: Punjabi Discipline B E

Name of the Course: B. A. (Prog.) Punjabi Discipline

Semester: V

Time : 3 Hours Maximum Marks : 75

**ਨੋਟ** : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. ਹਰਚਰਨ ਸਿੰਘ ਦੇ ਨਾਟਕ, 'ਕਲ੍ਹ, ਅੱਜ ਤੇ ਭਲਕ' ਦਾ ਕਥਾ-ਸਾਰ ਆਪਣੇ ਸ਼ਬਦਾਂ ਵਿਚ ਲਿਖੋ। (15)

**ਜਾਂ**

ਨਾਟਕ 'ਕਲ੍ਹ, ਅੱਜ ਤੇ ਭਲਕ' ਵਿਚ ਪੇਸ਼ ਸਮਕਾਲੀ ਯਥਾਰਥ ਉਪਰ ਟਿੱਪਣੀ ਕਰੋ।

2. 'ਕਲ੍ਹ, ਅੱਜ ਤੇ ਭਲਕ' ਨਾਟਕ ਦੇ ਕਿਸੇ ਦੋ ਪ੍ਰਮੁੱਖ ਪਾਤਰਾਂ ਨਾਲ ਜਾਣ-ਪਛਾਣ ਕਰਾਉ। (10)

3. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : (15)

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
ਸੋਚੈ ਸੋਚ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥

**ਜਾਂ**

ਵੇਖੋ ਕੁਦਰਤ ਕਾਦਰ ਵਾਲੀ ਡਾਢੇ ਰੱਬ ਦੀ ਭਾਈ।
ਹੋਇਆ ਹੁਕਮ ਹਜ਼ੂਰੋਂ ਕੋਈ ਆਪੇ ਬਾਜੀ ਪਾਈ।
ਵਾਰ ਬੁਢੇਂਦੀ ਮਹਿਰੀ ਕੁੰਦੀ ਵੇਖਹੁ ਫੁੱਟ ਵਿਆਈ।
ਆਖ ਦਮੋਦਰ ਖਾਣ ਇਸ਼ਕ ਦੀ ਘਰ ਚੂਚਕਾਣੇ ਲਾਈ॥3॥

**ਜਾਂ**

P.T.O.

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥
ਤੁਧ ਬਿਨ ਰੋਗ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦਾ ਰਹਿਣਾ॥

4. ਮੱਧਕਾਲੀ ਪੰਜਾਬੀ ਕਾਵਿ ਧਾਰਾਵਾਂ ਨਾਲ ਜਾਣ-ਪਛਾਣ ਕਰਾਉ। (10)

**ਜਾਂ**

ਮੱਧਕਾਲੀ ਪੰਜਾਬੀ ਕਵਿਤਾ ਦੀਆਂ ਵਿਸ਼ੇਸ਼ਤਾਵਾਂ ਦੱਸੋ।

5. ਹੇਠ ਲਿਖੇ ਸ਼ਬਦਾਂ ਦੇ ਸ਼ਬਦ-ਜੋੜ ਠੀਕ ਕਰੋ : (5)
ਸ਼ਕਤਿ, ਕਉਣ, ਗੌਣਾ, ਬਾਹਦ, ਤਾਏਆ

6. ਕਹਾਣੀ-ਰਚਨਾ ਦੇ ਪ੍ਰਮੁੱਖ ਤੱਤ ਕਿਹੜੇ ਹਨ ? ਆਪਣੇ ਕਿਸੇ ਮਨਪਸੰਦ ਵਿਸ਼ੇ ਉੱਤੇ ਲਘੂ-ਕਹਾਣੀ ਦੀ ਰਚਨਾ ਕਰੋ। (5)

7. ਕਿਸੇ ਪੰਜਾਬੀ ਅਖ਼ਬਾਰ ਲਈ 'ਮਕਾਨ' ਜਾਂ 'ਪੁਰਾਣੀ ਕਾਰ' ਵੇਚਣ ਸੰਬੰਧੀ ਵਿਗਿਆਪਨ ਲਿਖੋ। (5)

8. ਸ਼ਬਦ-ਸ਼ਕਤੀਆਂ ਤੋਂ ਕੀ ਭਾਵ ਹੈ ? ਇਨ੍ਹਾਂ ਦੇ ਪ੍ਰਕਾਰਾਂ ਨੂੰ ਉਦਾਹਰਣਾਂ ਦੇ ਕੇ ਸਮਝਾਉ। (5)

9. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦਿਉ : (5)
"ਜੰਗ ਨਾਲ ਅਨੇਕਾਂ ਦੇਸ਼ਾਂ ਦੀ ਬਰਬਾਦੀ ਹੋ ਜਾਂਦੀ ਹੈ। ਲੱਖਾਂ ਮਾਵਾਂ ਦੇ ਪੁੱਤਰ, ਭੈਣਾਂ ਦੇ ਵੀਰ ਤੇ ਪਤਨੀਆਂ ਦੇ ਪਤੀ ਗੋਲੀਆਂ ਤੇ ਬੰਬਾਂ ਦੀ ਚਪੇਟ ਵਿਚ ਆ ਕੇ ਉਹਨਾਂ ਪਾਸੋਂ ਵਿਛੜ ਜਾਂਦੇ ਹਨ। ਪਹਿਲੇ ਸਮਿਆਂ ਵਿਚ ਲੜਾਈ ਦਾ ਫੈਸਲਾ ਮੈਦਾਨ ਵਿਚ ਹੀ ਹੋ ਜਾਇਆ ਕਰਦਾ ਸੀ। ਪਿਛਲੇ ਸਮੇਂ ਦੇ ਲੋਕ, ਜਿਨ੍ਹਾਂ ਨੂੰ ਅੱਜਕਲ ਦੇ ਨੀਤੀਵਾਨ ਬੇਵਕੂਫ਼ ਆਖਦੇ ਹਨ, ਇਸਤ੍ਰੀਆਂ ਬੱਚਿਆਂ ਤੇ ਯਤੀਮਾਂ ਨੂੰ ਲੜਾਈ ਦੀ ਚਪੇਟ ਵਿਚ ਨਹੀਂ ਲਿਆਉਂਦੇ ਸਨ। ਉਨ੍ਹਾਂ ਸਮਿਆਂ ਵਿਚ ਬੇਹਥਿਆਰੀ ਜਨਤਾ ਬਚੀ ਰਹਿੰਦੀ ਸੀ। ਕੇਵਲ ਬਹਾਦਰ ਹੀ ਮੈਦਾਨ ਵਿਚ ਜਾ ਕੇ ਲੜਾਈ ਕਰਦੇ ਸਨ। ਅੱਜ ਦੀ ਜੰਗ ਵਿਚ ਹਵਾਈ ਜਹਾਜ਼ਾਂ ਦੇ ਧਾਵੇ ਦੇਸ਼ ਦੇ ਕੋਨੇ-ਕੋਨੇ ਨੂੰ ਤਬਾਹ ਕਰ ਦੇਂਦੇ ਹਨ। ਹੁਣ ਤਬਾਹੀ ਕੇਵਲ ਬੰਬ ਹੀ ਨਹੀਂ ਕਰਦੇ, ਸਗੋਂ ਜ਼ਹਿਰੀਲੀਆਂ ਗੈਸਾਂ, ਬੀਮਾਰੀਆਂ ਦੇ ਜ਼ਿਰਮ ਖ਼ੁਰਾਕ ਵਿਚ ਮਿਲਾ ਕੇ ਚੰਗੀ ਤਰ੍ਹਾਂ ਸਭਿਅਤਾ ਦਾ ਨਾਸ ਕੀਤਾ ਜਾਂਦਾ ਹੈ। ਹੁਣ ਹਾਈਡਰੋਜਨ ਬੰਬਾਂ ਨੇ ਤਾਂ ਬੇਅੰਤ ਤਬਾਹੀ ਕੀਤੀ ਹੈ।"

—0—